# ਅਖੰਡ ਕੀਰਤਨੀ ਜੱਥਾ, ਯੂ.ਐਸ.ਏ. (ਰਜਿ.)
# Akhand Keertanee Jatha, U.S.A. (Rgd.)

ਮਿਤੀ, ਅਕਤੂਬਰ ੨੦, ੨੦੧੫

## ਪ੍ਰੈਸ ਨੋਟ

ਜਾਗਤ-ਜੋਤ, ਜੁਗੋ-ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕੀਤੇ ਗਏ ਘੋਰ ਅਪਮਾਨ ਉਪਰੰਤ ਸਾਰੀ ਸਿਖ ਕੌਮ ਵਿਚ ਬਹੁਤ ਹੀ ਤਨਾਅ ਪੂਰਬਕ ਸੰਘਰਸ਼ ਚਲ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣ ਵਾਲਾ ਹਰ ਇਕ ਨਾਮ ਲੇਵਾ ਸਿਖ ਤੜਫ ਉਠਿਆ ਹੈ। ਇਸ ਹਾਲਾਤ ਨੂੰ ਦੇਖਦਿਆਂ ਅਖੰਡ ਕੀਰਤਨੀ ਜੱਥਾ, ਯੂ.ਐਸ.ਏ. ਦੀ ਇਕ ਗੰਭੀਰ ਮੀਟਿੰਗ ਹੋਈ, ਜਿਸ ਵਿਚ ਸਰਬ ਸੰਮਤੀ ਨਾਲ ਹੇਠ ਲਿਖੇ ਫੈਸਲੇ ਲਏ ਗਏ।

੧. ਸਿੱਖ ਕੌਮ ਉਤੇ ਇਹ ਘੋਰ ਸੰਕਟ ਵਾਪਰਨ ਦਾ ਮੁਖ ਕਾਰਨ ਇਹ ਹੈ, ਕਿ ਅਪਣੇ ਹੀ ਨਾਮ-ਧਰੀਕ ਜਥੇਦਾਰ ਜੋ ਸ੍ਰੀ ਅਕਾਲ ਤਖਤ ਸਾਹਿਬ ਅਤੇ ਬਾਕੀ ਤਖਤਾਂ ਉਤੇ ਕਾਬਜ ਹਨ, ਉਹ ਲਾਲਚ ਅਤੇ ਸੁਆਰਥ ਅਧੀਨ ਵਿਕ ਚੁੱਕੇ ਹਨ। ਇਹਨਾਂ ਨੇ ਪੰਥਕ ਮਰਯਾਦਾ ਅਤੇ ਸਿੱਖੀ ਅਸੂਲਾਂ ਦੀਆਂ ਧੱਜੀਆਂ ਉਡਾਂ ਦਿਤੀਆਂ ਹਨ। ਉਨ੍ਹਾਂ ਦੀਆਂ ਸਿਆਸੀ ਕੁਟਲ ਨੀਤੀਆਂ ਅਤੇ ਕੋਝੀਆਂ ਹਰਕਤਾਂ ਨੇ ਸਿਖ ਕੌਮ ਨੂੰ ਖੇਰੂੰ-ਖੇਰੂੰ ਕਰ ਦਿਤਾ ਹੈ। ਅਖੰਡ ਕੀਰਤਨੀ ਜੱਥਾ ਯੂ.ਐਸ.ਏ., ਇਨਾਂ ਜਥੇਦਾਰਾਂ ਦੀਆਂ ਗਲਤ ਨੀਤੀਆਂ ਕਾਰਨ ਜੋ ਗੁਰੂ ਸਾਹਿਬ ਜੀ ਦਾ ਅਪਮਾਨ ਹੋ ਰਿਹਾ ਹੈ, ਇਹਨਾਂ ਨੂੰ ਜ਼ਿਮੇਂਵਾਰ ਅਤੇ ਦੋਸ਼ੀ ਠਹਿਰਉਂਦਾ ਹੈ।

੨. ਅਖੰਡ ਕੀਰਤਨੀ ਜੱਥਾ, ਯੂ.ਐਸ.ਏ. ਇਹ ਮੰਗ ਕਰਦਾ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਅਤੇ ਬਾਕੀ ਤਖਤਾਂ ਦੇ ਸਾਰੇ ਨਾਮ-ਧਰੀਕ ਜਥੇਦਾਰ ਫੌਰਨ ਆਪਣੇ ਆਪਣੇ ਅਸਤੀਫੇ ਦੇਣ ਤਾਂ ਜੋ ਦਿਨ-ਬ-ਦਿਨ ਵਿਗੜ ਰਹੇ ਹਾਲਾਤ ਸੁਖਾਵੇਂ ਅਤੇ ਸ਼ਾਤੀ ਪੂਰਬਕ ਹੋ ਸਕਣ।

੩. ਅਖੰਡ ਕੀਰਤਨੀ ਜੱਥਾ, ਯੂ.ਐਸ.ਏ. ਮਹਿਸੂਸ ਕਰਦਾ ਹੈ ਸਿਰਸੇ ਵਾਲੇ, ਪਾਖੰਡੀ ਸਾਧ ਨੂੰ ਮੁਆਫ ਕਰਨ ਦਾ ਹੁਕਮਨਾਮਾ ਜਾਰੀ ਕਰਨਾ ਅਤੇ ਫਿਰ ਉਸਨੂੰ ਵਾਪਸ ਲੈਣਾ ਇਕ ਡਰਾਮਾ ਹੈ, ਜਿਹੜਾ ਕਿਸੇ ਗਿਣੀ ਮਿਥੀ ਸਾਜਿਸ਼ ਅਤੇ ਸਿਆਸੀ ਦਬਾਅ ਹੇਠ ਕੀਤਾ ਗਿਆ, ਜਿਸ ਕਰਕੇ ਸਿਖ ਕੌਮ ਨੂੰ ਬੜੀ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਖੰਡ ਕੀਰਤਨੀ ਜੱਥਾ ਸਮੁੱਚੇ ਗੁਰੂ ਪੰਥ ਨਾਲ ਮਿਲ ਕੇ ਇਸ ਦੀ ਡਟ ਕੇ ਵਿਰੋਧਤਾ ਕਰਦਾ ਹੈ।

੪. ਅਖੰਡ ਕੀਰਤਨੀ ਜੱਥਾ, ਯੂ.ਐਸ.ਏ. ਪੰਥ ਦੀਆਂ ਸਮੂਹ ਜਥੇਬੰਦੀਆਂ ਅਤੇ ਸਾਰੇ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਅਪੀਲ ਕਰਦਾ ਹੈ ਕਿ ਜਿਨੀ ਦੇਰ ਤਕ ਆਪਣੇ ਆਪ ਨੂੰ ਪੰਥਕ ਕਹਾਉਣ ਵਾਲੀ ਬਾਦਲ ਸਰਕਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਪਮਾਨ ਕਰਨ ਵਾਲਿਆਂ ਨੂੰ ਫੜ ਕੇ ਸਖਤ ਤੋਂ ਸਖਤ ਸਜ਼ਾ ਨਹੀ ਦਿੰਦੀ, ਅਕਾਲੀ ਦਲ, SGPC ਅਤੇ ਜਥੇਦਾਰ, ਇਹਨਾਂ ਸਾਰਿਆਂ ਦਾ ਪੂਰਨ ਤੌਰ ਤੇ ਬਾਈਕਾਟ ਕੀਤਾ ਜਾਵੇ।

੫. ਅਖੰਡ ਕੀਰਤਨੀ ਜੱਥਾ, ਯੂ.ਐਸ.ਏ., ਜਿਹੜੇ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨੂੰ ਨਾ ਸਹਾਰਦੇ ਹੋਏ ਇਸ ਸੰਘਰਸ਼ ਵਿਚ ਸ਼ਹੀਦ ਅਤੇ ਜ਼ਖਮੀ ਹੋਏ ਹਨ, ਉਨ੍ਹਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਦਾ ਹੈ ਅਤੇ ਹਰ ਪ੍ਰਕਾਰ ਦੀ ਮੱਦਦ ਲਈ ਹਾਜ਼ਰ ਹੈ।

੬. ਅਖੰਡ ਕੀਰਤਨੀ ਜੱਥਾ, ਯੂ.ਐਸ.ਏ. ਉਨ੍ਹਾਂ ਸਾਰੀਆਂ ਸਿਖ ਸੰਗਤਾਂ ਦਾ ਜਿਹੜੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਅਤੇ ਸਿਖ ਕੌਮ ਦੀ, ਚੜ੍ਹਦੀ ਕਲਾ ਲਈ ਮਨ, ਤਨ, ਧਨ ਕੁਰਬਾਨ ਕਰਕੇ ਬੜੀ ਦਲੇਰੀ ਨਾਲ ਜੂਝ ਰਹੀਆਂ ਹਨ, ਉਨ੍ਹਾਂ ਦੇ ਨਾਲ ਹਰ ਸਮੇਂ ਖੜਾ ਹੈ।

੭. ਅਖੰਡ ਕੀਰਤਨੀ ਜੱਥਾ, ਯੂ.ਐਸ.ਏ. ਬੇਨਤੀ ਕਰਦਾ ਹੈ ਕਿ ਇਸ ਵੇਲੇ ਸਿਖ ਪੰਥ ਬੜੇ ਨਾਜ਼ਕ ਮੋੜ ਤੇ ਖੜਾ ਹੈ। ਅੱਗੇ ਘੁੱਪ ਹਨੇਰਾ ਹੈ। ਇਸ ਲਈ ਬਹੁਤ ਹੀ ਸੁਚੇਤ ਹੋ ਕੇ, ਸੋਚ ਸਮਝ ਨਾਲ ਕੋਈ ਫੈਸਲਾ ਲੈਣ ਦੀ ਲੋੜ ਹੈ। ਏਕਤਾ ਬਹੁਤ ਜ਼ਰੂਰੀ ਹੈ। ਵਿਰੋਧੀ ਤਾਕਤਾਂ ਨਵੀਆਂ ਤੋਂ ਨਵੀਆਂ ਚਾਲਾਂ ਖੇਡ ਰਹੀਆਂ ਹਨ। ਆਮ ਜਨਤਾ ਅਤੇ ਹਰ ਧਰਮ ਦਾ ਸਹਿਯੋਗ ਵੀ ਜ਼ਰੂਰੀ ਹੈ। ਅਰਦਾਸ ਕਰਕੇ ਬਾਣੀ ਦਾ ਆਸਰਾ ਲੈ ਕੇ ਸਾਰੇ ਮੱਤ-ਭੇਦ ਛੱਡ ਕੇ, ਇਕ-ਮੁੱਠ ਹੋਕੇ, ਪੰਥ ਦੀ ਚੜ੍ਹਦੀ-ਕਲਾ ਲਈ ਅੱਗੇ ਵਧਣਾ ਚਾਹੀਦਾ ਹੈ। ਸਤਿਗੁਰੂ ਜੀ ਜ਼ਰੂਰ ਬਾਂਹ ਫੜਨਗੇ !!

ਗੁਰੂ ਮਿਹਰ ਕਰੇ,

**ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥**

ਦਾਸਰੇ,
ਅਖੰਡ ਕੀਰਤਨੀ ਜੱਥਾ, ਯੂ.ਐਸ.ਏ.
usa@akj.org